# ਪ੍ਰੈਸ ਨੋਟ

ਅੰਮ੍ਰਿਤਸਰ ਦੇ ਪਵਿਤਰ ਸ਼ਹਿਰ ਨੂੰ ਸੁੰਦਰ ਅਤੇ ਹਰਾ ਭਰਾ ਬਨਾਉਣ ਲਈ ਅੰਮ੍ਰਿਤਸਰ ਗਰੀਨ ਕੰਮਪੇਨ ਸ਼ੁਰੂ ਕੀਤੀ ਗਈ ਹੈ । ਜਿਸਦੇ ਸਬੰਧ ਵਿਚ ਅੱਜ ਮਿਤੀ 13/7/2016 ਨੂੰ ਸ੍ਰੀ ਵਰੁਣ ਰੂਜਮ, ਆਈ ਏ ਐਸ, ਡਿਪਟੀ ਕਮਿਸ਼ਨਰ ਕਮ ਪ੍ਰਧਾਨ ਜਿਲਾ ਰੈਡ ਕਰਾਸ ਸੁਸਾਇਟੀ ,ਅੰਮ੍ਰਿਤਸਰ ਜੀ ਦੇ ਉਦਮ ਨਾਲ ਸਾਰੇ ਐਨ ਜੀ ਓਜ ਦੀ ਮੀਟਿੰਗ ਕੀਤੀ ਗਈ । ਮੀਟਿੰਗ ਦੀ ਪ੍ਰਧਾਨਗੀ ਮਾਨਯੋਗ ਸ੍ਰੀ ਤੇਜਿੰਦਰਪਾਲ ਸਿੰਘ ਸੰਧੂ, ਪੀ ਸੀ ਐਸ, ,ਏ ਡੀ ਸੀ (ਜ) ਜੀ ਨੇ ਕੀਤੀ ਅਤੇ ਸ੍ਰੀ ਰੋਹਿਤ ਗੁਪਤਾ ,ਪੀ ਸੀ ਐਸ ,ਐਸ ਡੀ ਐਮ ਅੰਮ੍ਰਿਤਸਰ 1 ਜੀ ਨੇ ਵੀ ਮੀਟਿੰਗ ਵਿਚ ਸ਼ਿਰਕਤ ਕੀਤੀ । ਜਿਸ ਵਿਚ ਇਹ ਫੈਸਲਾ ਕੀਤਾ ਗਿਆ ਹੈ ਕਿ ਇਸ ਸੀਜਨ ਵਿਚ ਲਗਭਗ 50,000 ਰੁਖ ਲਗਾਉਣ ਦਾ ਟੀਚਾ ਮਿਥਿਆ ਗਿਆ ਹੈ । ਰੁਖ ਲਗਾਉਣ ਤੋ ਜਰੂਰੀ ਇਹਨਾਂ ਦੀ ਪਾਲਣਾ ਕਰਨੀ ਅਤਿ ਜਰੂਰੀ ਹੈ । ਸਾਰੇ ਐਨ ਜੀ ਓਜ ਵਲੋ ਇਹ ਵਾਦਾ ਕੀਤਾ ਗਿਆ ਹੈ ਕਿ ਜਿਥੇ ਜਿਥੇ ਵੀ ਰੁਖ ਲਗਾਏ ਜਾਣਗੇ ਉਹਨਾਂ ਦੀ ਪਾਲਨਾ ਦਾ ਧਿਆਨ ਵੀ ਰਖਨਗੇ ।

ਇਥੇ ਇਹ ਵੀ ਦਸਣਯੋਗ ਹੈ ਕਿ ਇਸ ਉਪਰਾਲੇ ਨਾਲ ਅੱਜ ਰੈਡ ਕਰਾਸ ਭਵਨ ਵਿਖੇ 300 ਬੂਟੇ ਵਖ ਵਖ ਥਾਵਾਂ ਤੇ ਲਗਾਉਣ ਲਈ ਵੰਡੇ ਗਏ ਹਨ ਅਤੇ ਰੈਡ ਕਰਾਸ ਸੁਸਾਇਟੀ ਦੇ ਬਾਹਰ ਰੁਖ ਲਗਾਕੇ ਇਸਦੀ ਸ਼ੁਰੂਆਤ ਕੀਤੀ ਗਈ ਹੈ । ਇਸ ਲਈ ਸਾਰੇ ਲੋਕਾਂ ਨੂੰ ਅਪੀਲ ਕੀਤੀ ਜਾਦੀ ਹੈ ਕਿ ਉਹ ਵਧ ਤੋ ਵਧ ਰੁਖ ਲਗਾਉਣ ਅਤੇ ਸ਼ਹਿਰ ਨੂੰ ਹਰਾ ਭਰਾ ਬਨਾਉਣ ਅਤੇ ਜੇਕਰ ਕੋਈ ਪੌਦੇ ਲੈਣ ਵਿਚ ਅਸਮਰਥ ਹੈ ਤਾਂ ਉਹ ਰੈਡ ਕਰਾਸ ਭਵਨ ਤੋ ਬੂਟੇ ਮੁਫਤ ਲੈ ਸਕਦਾ ਹੈ ।

ਇਸ ਤੋ ਇਲਾਵਾ ਹਰਤੇਜ ਹਸਪਤਾਲ ਅਜਨਾਲਾ ਰੋਡ ਤੋ ਸਦਰ ਥਾਣਾ ਪੁਤਲੀਘਰ ਚੌਕ ਤਕ ਸ੍ਰੀ ਪ੍ਰਕਾਸ਼ ਸਿੰਘ ਭੱਟੀ ,ਖੁਦਾਈ ਖਿਦਮਤਗਾਰਾਂ ਜੀ ਦੇ ਸਹਿਯੋਗ ਨਾਲ ਰੁਖ ਲਗਾਕੇ ਵੀ ਇਸਦੀ ਸ਼ੁਰੂਆਤ ਕੀਤੀ ਹੈ ।